# ਮੁੱਲ ਸੰਵਰਧਨ
# ਛੋਟੇ ਖੇਤਾਂ ਨੂੰ ਲਾਭਦਾਇਕ ਬਣਾਉਣਾ

ਅਨੀਤਾ ਕੁਮਾਰੀ ਪੀ

**ਮੁੱਲ ਸੰਵਰਧਨ ਵਾਲੀਆਂ ਹੀ ਸਧਾਰਨ ਪ੍ਰਕ੍ਰਿਆਵਾਂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹਿਯੋਗ, ਤਾਲਮੇਲ, ਇਕਸਾਰਤਾ, ਸਮੁਦਾਇਆਂ ਦੀ ਸਮੂਲੀਅਤ ਅਤੇ ਇੱਕ ਪ੍ਰਮੁੱਖ ਮੁੱਲ ਸੰਸਥਾਨ ਦੁਆਰਾ ਮਾਰਗ ਦਰਸ਼ਨ ਦੇ ਨਤੀਜੇ ਵਜੋ ਕੇਰਲ ਵਿੱਚ ਪਥਿਯੂਰ ਪੰਚਾਇਤ ਖੇਤਰ ਵਿੱਚ ਇੱਕ ਸਮਾਜਿਕ ਕਾਢਾਂ ਦਾ ਪ੍ਰਯੋਗ ਸਫਲ ਰਿਹਾ।**

*ਸੀਸਾਮੁਮ ਕਈ ਸਾਲਾਂ ਤੱਕ ਬੰਦ ਰਹਿਣ ਤੋ ਬਾਅਦ ਦੁਬਾਰਾ ਸ਼ੁਰੂ ਕੀਤਾ ਗਿਆ।*




ਪਰਿਵਾਰਿਕ ਖੇਤ, ਖੇਤੀਯੋਗ ਜ਼ਮੀਨ ਦੇ 70, 80, 70 ਤੋ ਸੇਅਰ ਦੀ ਜਰੂਰਤ 80 ਭੋਜਨ ਪੈਦਾ ਕਰਦੇ ਹਨ। 2050 ਤੱਕ ਅਨਾਜ ਉਤਪਾਦਨ 30 ਮੈਟ੍ਰਿਕ ਟਨ ਹਰ ਸਾਲ ਵਧਾਉਣ ਦੀ ਜਰੂਰਤ ਹੈ। ਛੋਟੇ ਖੇਤ ਭੋਜਨ ਸੁਰੱਖਿਆ ਅਤੇ ਪੋਸ਼ਣ ਸਹਿਯੋਗ ਨੂੰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਦੇ ਹਨ।

ਕੇਰਲ ਰਾਜ ਵਿੱਚ, ਔਸਤ ਭੂਮੀ ਜੋ ਕੇਵਲ 0.2 ਹੈਕਟੇਅਰ ਹੈ। ਇਸ ਵਿੱਚ ਜਿਆਦਾਤਰ ਨਾਰੀਅਲ ਆਧਾਰਿਤ ਖੇਤੀ ਹੈ। ਛੋਟੇ ਕਿਸਾਨਾਂ ਅੱਗੇ ਸਭ ਤੋ ਵੱਡੀ ਚੁਣੌਤੀ ਇਹ ਰਹਿੰਦੀ ਹੈ ਕਿ ਆਪਣੀ ਖੇਤੀ ਨੂੰ ਖੇਤਰ ਵਿੱਚ 'ਫਾਰਮਰ ਫਰਸਟ ਪ੍ਰੋਗਰਾਮ' (ਐਫ ਐਫ ਪੀ) ਚਲਾਇਆ ਜਾ ਰਿਹਾ ਹੈ ਜਿਸਦਾ ਪੂਰਾ ਧਿਆਨ ਤਕਨੀਕਾਂ ਨੂੰ ਏਕੀਕ੍ਰਿਤ ਕਰਕੇ ਕਿਸਾਨਾਂ ਦਾ ਜੀਵਨ ਪੱਧਰ ਵਧੀਆ ਕਰਨ ਅਤੇ ਆਮਦਨ ਵਧਾਉਣ ਉੱਪਰ ਹੈ। ਇਹ ਸਭ ਫਸਲ, ਬਾਗਬਾਨੀ, ਪਸ਼ੂਧਨ, ਕੁਦਰਤੀ ਸੰਸਾਧਨ ਪ੍ਰਬੰਧਨ ਮੁੱਲ ਸੰਵਰਧਨ ਅਤੇ ਆਈ ਐਫ ਐਸ ਵਿੱਚ ਸਭ ਦੀ ਭਾਗੀਦਾਰੀ ਰਾਹੀ ਕੀਤਾ ਜਾਣਾ ਸੀ ਇਸ ਵਿਚ ਲਗਭਗ 1000 ਕਿਸਾਨ ਪਰਿਵਾਰ ਸਾਮਿਲ ਸਨ।

ਸੰਖੇਪ ਵਿੱਚ ਕੁੱਝ ਕੰਮ ਜਿਸ ਵਿੱਚ ਪਿੰਡ ਦਾ ਵਿਸਲੇਸਣ, ਭਾਗੀਦਾਰੀ ਗ੍ਰਾਮੀਣ ਵਿਸਲੇਸਣ, 750 ਪ੍ਰਤਿਭਾਗੀਆ ਪ੍ਰੋਜੈਕਟ ਤੋ ਪਹਿਲਾ ਸਰਵੇ ਗਰੁੱਪ ਚਰਚਾ ਜਿਸ ਵਿੱਚ 19 ਵਾਰਡਾਂ ਦਾ ਨੁਮਾਇੰਦੇ

ਅਤੇ ਸਟੈਕਹੋਲਡਰ ਸਾਮਿਲ ਹਨ ਉਹਨਾ ਨਾਲ ਸਮੱਸਿਆ ਨੂੰ ਸ੍ਰੇਣੀਬੱਧ ਕਰਨ, ਸੰਭਵ ਹੱਲ ਅਤੇ ਕਿਸਾਨਾਂ ਦੀਆਂ ਉਮੀਦਾ ਅਤੇ ਪ੍ਰੋਗਰਾਮ ਦੇ ਉਦੇਸ਼ ਆਦਿ ਸਭ ਉੱਪਰ ਚਰਚਾ ਅਤੇ ਵਿਸਲੇਸਣ 2016 ਵਿੱਚ ਹੀ ਖਤਮ ਕਰ ਲਿਆ ਗਿਆ। ਅੱਗੇ ਲਿਖੀਆਂ ਚਣੌਤੀਆਂ ਨਾਲ ਨਜਿੱਠਣ ਲਈ ਰਣਨੀਤੀਆਂ ਬਣਾਈਆ ਗਈਆਂ - ਛੋਟੇ/ ਨਾਰੀਅਲ ਦੇ ਖੇਤ ਖੇਤੀ ਵਿੱਚ ਤੇਜੀ ਨਾਲ ਬਦਲਦੀਆਂ ਸਮਾਜਿਕ - ਆਰਥਿਕ ਚੁਣੌਤੀਆ ਜਿਸ ਵਿੱਚ ਉਤਪਾਦਨ ਦਾ ਗੈਰ ਵਿਹਾਰਕ ਵੀ ਸਾਮਲ ਹੈ।

ਇਸਦੇ ਨਾਲ ਹੀ ਹੋਰ ਕਾਰਕਾਂ ਅਤੇ ਚਣੌਤੀਆਂ ਦੀ ਵੀ ਪਛਾਣ ਕੀਤੀ ਗਈ - ਕਿਸਾਨਾਂ ਤੱਕ ਪ੍ਰੋਗਰਾਮਾਂ ਦੀ ਪਹੁੰਚ, ਖਾਸ ਕਰਕੇ ਮਹਿਲਾਵਾਂ ਤੱਕ, ਕਿਸਾਨਾਂ ਦੇ ਸੀਮਿਤ ਸਾਧਨ ਅਤੇ ਆਮਦਨ। ਇਸ ਸਭ ਦੇ ਲਈ ਕਈ ਰਣਨੀਤੀਆਂ ਸੋਚੀਆ ਗਈਆਂ ਇੰਨਾ ਵਿੱਚੋ ਸਭ ਤੋ ਉਪਸਯੋਗੀ ਮੁੱਲ ਸੰਵਰਧਨ ਨੂੰ ਮੰਨਿਆ ਗਿਆ, ਹਾਲਾਂਕਿ ਮੁੱਲ ਸੰਵਰਧਨ ਵਿਸਥਾਰ ਰਣਨੀਤੀਆਂ ਸੋਚੀਆਂ ਗਈਆਂ ਇੰਨਾ ਵਿੱਚੋ ਸਭ ਤੋ ਉਪਯੋਗੀ ਮੁੱਲ ਸੰਵਰਧਨ ਨੂੰ ਮੰਨਿਆ ਗਿਆ ਹਾਲਾਂਕਿ ਮੁੱਲ ਸੰਵਰਧਨ ਵਿਸਥਾਰ ਰਣਨੀਤੀ ਨੂੰ ਪਰਿਭਾਸ਼ਿਤ, ਸੁਧਾਰ ਕਰਨਾ, ਡਿਜਾਇਨ ਕਰਨਾ, ਵਿਕਸਿਤ ਕਰਨਾ ਅਤੇ ਮਨੁੱਖੀਕਰਨ ਕਰਨਾ ਜਰੂਰੀ ਸੀ ਤਾਂ ਕਿ ਉਹ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਫਾਇਦੇਮੰਦ ਹੋਣ ।

ਪਰਸਥਿਤੀ ਦੇ ਅਧਿਐਨ ਅਤੇ ਵਿਸ਼ਲੇਸਣ ਵਿੱਚ ਕਿਸਾਨ ਸਮੁਦਾਇ, ਵਾਰਡ ਮੈਬਰ ਅਤੇ ਪੰਚਾਇਤ ਦੀਆਂ ਲੋਕਲ ਬਾਡੀਜ ਦੇ ਮੈਂਬਰ, ਨਾਰੀਅਲ ਉਤਪਾਦਕਾਂ ਦੀ ਸੁਸਾਇਟੀ, ਮਹਿਲਾ ਕਿਸਾਨਾਂ ਦੇ ਸਵੈ ਸਹਾਇਤਾ ਸਮੂਹ ਅਤੇ ਮਗਨਰੇਗਾ ਮਜਦੂਰ , ਪਸ਼ੂਪਾਲਕ ਅਤੇ ਮੁਰਗੀਪਾਲਕ ਅਤੇ ਗ੍ਰਾਮੀਣ ਨੌਜਵਾਨ ਸਾਮਿਲ ਸਨ। ਵਿਸਲੇਸ਼ਣ ਵਿੱਚ ਇਹ ਸਾਹਮਣੇ ਆਇਆ ਕਿ ਛੋਟੇ ਕਿਸਾਨਾਂ ਦੇ ਉਤਪਾਦਨ ਪ੍ਰਣਾਲੀ ਦੇ ਬ੍ਰਹਮਾਯਾਮੀ ਪਹਿਲੂਆਂ ਨੂੰ ਅੱਜ ਤੱਕ ਉਚਿੱਤ ਢੰਗ ਨਾਲ ਸੰਬੰਧਿਤ ਹੀ ਨਹੀ ਕੀਤਾ ਗਿਆ। ਸੰਭਾਵੀ ਰਣਨੀਤੀ ਬਣਾਈ ਗਈ ਜਿਸ ਵਿਚ ਵਧੀਆਂ ਕਿਸਮਾਂ ਦੁਆਰਾ ਉਤਪਾਦਨ ਵਿੱਚ ਸੁਧਾਰ, ਤਰਜੀਹ ਫਸਲ ਪ੍ਰਣਾਲੀ, ਵਧੀਆਂ ਖੇਤੀ ਪ੍ਰਕ੍ਰਿਆਵਾ ਨੂੰ ਅਪਨਾਉਣਾ, ਖੇਤ ਤਲਾਬਾਂ ਨੂੰ ਮੁੜ ਸੁਰਜੀਤ ਕਰਨ, ਵਧੀਆਂ ਪ੍ਰੋਸੈਸਿੰਗ ਅਤੇ ਮੰਡੀਕਰਨ ਆਦਿ ਸਾਮਿਲ ਸਨ। ਇਹ ਔਕੜਾਂ ਵੀ ਧਿਆਨ ਵਿਚ ਆਈਆਂ।

ਮੁੱਲ ਸੰਵਰਧਨ ਦੀ ਕਮੀ, ਮੰਡੀਕਰਨ ਲਈ ਯੋਜਨਾ ਦੀ ਘਾਟ, ਮਜਦੂਰੀ ਦੀ ਵੱਧ ਲਾਗਤ ਅਤੇ ਇਨਪੁਟ ਉਪਰ ਖਰਚ, ਜਮੀਨ ਦਾ ਅੱਡ - ਅੱਡ ਥਾਂ ਹੋਣੀ, ਛੋਟੇ ਖੇਤਾ ਦਾ ਘਰੇਲੂ ਪਲਾਟ ਵਿਚ ਸੁੰਗੜਨਾਂ, ਸ਼ੁਰੂ ਵਿੱਚ ਘਰੇਲੂ ਪੱਧਰ ਦੇ ਪਲਾਟ ਦਾ ਨਕਸ਼ਾ ਤਿਆਰ ਕਰਨ ਜਿਸ ਵਿਚ ਵਰਤਮਾਨ ਹਾਲਾਤ ਫਸਲ, ਏਕੀਕ੍ਰਿਤ ਫਸਲ ਤੱਤ। ਪਾਣੀ ਦੇ ਸ੍ਰੋਤ, ਜਮੀਨ, ਮਿੱਟੀ ਦੀ ਕਿਸਮ, ਹੁਣ ਤੱਕ ਕੀਤੇ ਨਿਵੇਸ, ਲਾਭ-ਹਾਨੀ ਆਦਿ ਦਾ ਪੂਰਾ ਵੇਰਵਾ ਹੋਵੇ। ਇਹ ਤੱਥ ਇਕੱਠੇ ਕੀਤੇ ਗਏ - ਫਸਲਾਂ ਦਾ ਝਾੜ ਖਾਸ ਕਰਕੇ ਨਾਰੀਅਲ ਦਾ, ਸ੍ਰੋਤਾ ਨੂੰ ਮੁੜ ਵਰਤੋ ਵਿੱਚ ਲਿਆਉਣਾ, ਸਲਾਹਕਾਰੀ ਸੇਵਾਵਾਂ ਤੱਕ ਪਹੁੰਚ, ਸਥਾਨਕ ਵਿਭਾਗਾਂ ਤੋ ਸਹਿਯੋਗ ਸਕੀਮਾਂ ਦੀ ਉਪਲਬਧਤਾ ਅਤੇ ਨਾਲ ਹੀ ਮੁੱਲ ਸੰਵਰਧਨ ਦੇ ਰਾਹ ਵਿੱਚ ਆਉਣ ਵਾਲੀਆਂ ਮੁਸਕਿਲਾਂ।

**ਕਟਾਈ ਤੋ ਬਾਅਦ ਅਤੇ ਪ੍ਰੋਸੈਸਿੰਗ ਪ੍ਰਬੰਧਨ ਨੇ ਮਹਿਲਾ ਕਿਸਾਨਾਂ ਨੂੰ ਸਮਾਨ ਅਤੇ ਪਰਿਵਾਰ ਲਈ ਆਰਥਿਕ ਯੋਗਦਾਨ ਪਾਉਣ ਦੇ ਸਮਰੱਥ ਬਣਾਇਆ।**

**ਸਮੁਦਾਇਕ ਵਿਕਾਸ ਸੁਸਾਇਟੀ ਵਾਰਡ ਨੰ.1 ਦੀ ਚੇਅਰਪਰਸਨ ਸ੍ਰੀਮਤੀ ਰਾਧਾਕੁਮਾਰੀ ਇੱਕ ਮਾਨਮੱਤੀ ਭਾਗੀਦਾਰ ਹੈ ਅਤੇ ਜੋ ਸਮੂਹਿਕ ਖੇਤੀ ਦੇ ਲੀਡਰ ਵਜੋ ਵੀ ਵਿਕਸਿਤ ਹੋਈ ਹੈ, ਦਾ ਕਹਿਣਾ ਹੈ ਅਸੀ ਫਾਰਮਰ ਪ੍ਰੋਗਰਾਮ ਦੇ ਕਰਕੇ ਇੱਕ ਕਿਸਾਨ ਵਲੋ ਬਹੁਤ ਹੀ ਪ੍ਰੇਰਿਤ ਅਤੇ ਆਤਮ ਵਿਸਵਾਸ ਨਾਲ ਭਰਪੂਰ ਹੋਏ ਹਾਂ। ਪਿਛਲੇ 5 ਸਾਲ ਵਿੱਚ ਤਿਲਾਂ ਦੀ ਖੇਤੀ ਦੀ ਸਫਲਤਾ ਦੇ ਸਾਨੂੰ ਝੋਨੇ ਦੀ ਖੇਤੀ ਮੁੜ ਸ਼ੁਰੂ ਕਰਨ ਲਈ ਪ੍ਰੋਸਾਹਿਤ ਕੀਤਾ। ਸਾਰੇ ਗਰੁੱਪ ਨੂੰ ਐਫ ਐਫ ਪੀ ਪੰਚਾਇਤਾਂ ਦੇ 19 ਵਾਰਡਾ ਦੇ 68 ਮਹਿਲਾ ਸਮੂਹਾਂ ਵਿੱਚੋ ਸਭ ਤੋ ਵੱਧ ਝਾੜ 500 ਕਿੱਲੋ ਹੈਕਟੇਅਰ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਇਸਦੇ ਨਾਲ ਹੀ ਅਸੀ, ਕੰਦਮੂਲ, ਦਾਲਾਂ, ਮਸਾਲਿਆਂ, ਸਬਜੀਆਂ, ਮੂਲ ਅਨਾਜਾਂ ਅਤੇ ਪਸ਼ੂ ਚਾਰੇ ਦੀ ਜੈਵਿਕ ਖੇਤੀ ਕਰਨ ਵਿਚ ਮੁਹਾਰਤ ਹਾਸਿਲ ਕੀਤੀ ਹੈ। ਅਸੀ ਪ੍ਰਤਿ ਮਹਿਲਾ ਫਸਲ ਦੇ ਜੀਵਨ ਵਿੱਚ ਔਸਤਨ 10 ਤੋ 12000 ਰੁਪਏ ਕਮਾ ਲੈਦੀਆ ਹਾਂ। ਇਸ ਦੇ ਨਾਲ ਹੀ ਮਗਨਰੇਗਾ ਦੀ ਵੀ ਮਜਦੂਰੀ ਮਿਲ ਜਾਦੀ ਹੈ। ਖੇਤ ਵਿੱਚ ਸਾਨੂੰ ਪਰਿਵਾਰ ਦੇ ਲਈ ਤਾਜਾ ਸਬਜੀਆਂ ਫਲਾਂ ਦੀ ਲੋੜ ਪੂਰੀ ਹੋ ਜਾਂਦੀ ਹੈ ਅਤੇ ਇਸ ਤੋ ਬਾਅਦ ਜੋ ਬਚਦਾ ਹੈ, ਉਸਨੂੰ ਬਾਜਾਰ ਵਿੱਚ ਵੇਚ ਦਿੱਤਾ ਜਾਦਾ ਹੈ। ਇਹ ਸਭ ਸਾਡੇ ਪਰਿਵਾਰਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਖਾਸ ਕਰਕੇ ਬੱਚਿਆ ਦੇ ਜੋ ਇਸ ਕੋਰੋਨਾ ਕਾਲ ਵਿਚ ਘਰ ਵਿੱਚ ਹੀ ਸਨ ਅਤੇ ਉਹਨਾ ਨੇ ਖੇਤੀ ਦੇ ਕੰਮ ਵਿੱਚ ਹੱਥ ਵਟਾਇਆ। ਸਾਤੀ ਅਸਲੀ ਕਮਾਈ ਤਾਂ ਇਹ ਹੈ ਕਿ ਸਾਨੂੰ ਸਾਡੀ ਕੋਈ ਦੀ ਉਮਰ ਹੋਣ ਦੇ ਬਾਵਜੂਦ ਕਿਸਾਨ ,ਕਮਾਉਣ ਵਾਲੇ ਅਤੇ ਅਭਿਆਸੀ ਵਜੋ ਪਛਾਣਿਆ ਗਿਆ। )**

## ਕੇਂਦਰੀਕਰਨ ਅਤੇ ਏਕੀਕ੍ਰਿਤ

ਪ੍ਰਤਿ ਹੈਕਟੇਅਰ ਘਰਾਂ ਦੀ ਸੰਖਿਆ 4 ਤੋ 10 ਸੀ। ਇਸ ਲਈ ਤਕਨੀਕ ਪਸਾਰ ਅਤੇ ਅਪਨਾਉਣ ਲਈ ਸਮਾਜਿਕ ਸੰਸਥਾਵਾਂ ਦੇ ਕੇਂਦਰੀਕਰਨ ਅਤੇ ਮਜਬੂਤ ਅਤੇ ਉਦੇਸ਼ਪੂਰਣ ਲਿੰਕ ਦੀ ਲੋੜ ਮਹਿਸੂਸ ਹੋਈ 19 ਵਾਰਡਾਂ ਦੇ ਮੈਂਬਰਾਂ ਨੇ ਸਮਾਜ ਨੂੰ ਸੰਗਠਿਤ ਕਰਨ ਉਹਨਾਂ ਦੀ ਭਾਗੀਦਾਰੀ ਸੁਨਿਸੁਚਿਤ ਕਰਨ ਲਈ ਪੂਰਾ ਸਹਿਯੋਗ ਦਿੱਤਾ। ਖਾਦ ਸੁਰੱਖਿਆ ਦੀ ਦਿਸ਼ਾ ਵਿੱਚ ਮਗਨਰੇਗਾ ਨੂੰ ਵੀ ਸ਼ਾਮਿਲ ਕੀਤਾ ਗਿਆ ਪੰਚਾਇਤ ਅਧੀਨ ਆਉਦੇ ਪਸ਼ੂ ਹਸਪਤਾਲ ਦੀ

ਡਾਕਟਰ ਮਾਧੁਰੀ ਨੇ ਮੁਰਗੀ ਪਾਲਣ ਅਤੇ ਪਸ਼ੂ ਪਾਲਣ ਸੰਬੰਧੀ ਪ੍ਰੋਗਰਾਮ ਡਿਜ਼ਾਈਨ ਕਰਨ ਲਈ ਆਪਣੀਆਂ ਸੇਵਾਵਾਂ ਦਿੱਤੀਆ। ਸਥਾਨਕ ਸਰਕਾਰ ਅਤੇ ਕੋਆਪਰੇਸ਼ਨ ਨੇ ਮਿਲ ਕੇ ਨਿਯੋਜਿਤ ਅਤੇ ਕੇਂਦ੍ਰਿਤ ਪ੍ਰੋਗਰਾਮ ਬਣਾਉਣ ਦੀ ਦਿਸ਼ਾ ਵਿੱਚ ਕਾਰਵਾਈ ਨੂੰ ਅੱਗੇ ਵਧਾਉਣ, ਡੁਪਲੀਕੇਸ਼ਨ ਰੋਕਣ, ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਅਤੇ ਨਤੀਜੇ ਆਧਾਰਿਤ ਵੱਡੇ ਪੱਧਰ ਤੇ ਅਪਣਾਉਣ ਲਈ ਤੇਜ਼ੀ ਨਾਲ ਜਾਗ੍ਰਿਤੀ ਪੈਦਾ ਕਰਨ ਲਈ ਸਮਾਜਿਕ ਅਤੇ ਤਕਨੀਕੀ ਪ੍ਰਯੋਗਾਂ ਅਤੇ ਤਕਨੀਕਾਂ ਦੀ ਸਿਖਲਾਈ ਦੀ ਪੇਸ਼ਕਸ਼ ਕੀਤੀ। ਵਾਰਡ ਮੈਂਬਰ, ਕੁਟੰਬ ਸ੍ਰੀ ਦੇ ਸੀ ਡੀ ਐੱਸ/ ਏ ਡੀ ਐੱਸ ਅਤੇ ਸੰਯੁਕਤ ਦੇਣਦਾਰੀ ਸਮੂਹ ਦੇ ਆਗੂਆ ਵਜੋ ਅਤੇ ਮਨਰੇਗਾ ਮਜਦੂਰਾਂ ਅਤੇ ਕਿਸਾਨਾਂ ਦੇ ਰੂਪ ਵਿੱਚ ਮਹਿਲਾਵਾਂ ਦੀ ਉੱਚ ਭਾਗੀਦਾਰੀ ਨਾਲ ਮਹਿਲਾਂ ਲੀਡਰਸ਼ਿਪ ਸਥਾਪਤ ਕੀਤੀ ਜਾ ਸਕੀ।

ਸਿੱਟੇ ਵਜੋ, ਐੱਫ ਐੱਫ ਪੀ ਵਿੱਚ ਕਿਰਤ, ਸਮਾਂ, ਜਮੀਨ ਅਤੇ ਗਿਆਨ ਦਾ ਏਕੀਕਰਨ ਇੱਕ ਮੁੱਲ ਸੰਵਰਧਨ ਸੀ। ਖਾਸ ਕਰਕੇ ਉਹਨ੍ਹਾਂ ਮਹਿਲਾਵਾਂ ਲਈ, ਜਿੰਨ੍ਹਾਂ ਦੀ ਖੇਤੀ ਯੋਗ ਜਮੀਨ ਤੱਕ ਮਾਮੂਲੀ ਪਹੁੰਚ ਸੀ। ਮਹਿਲਾ ਕਿਸਾਨਾਂ ਕੋਲ ਸਿਰਫ 0.04 ਤੋ 0.06 ਹੈਕਟੇਅਰ ਜਮੀਨ ਸੀ, ਇਸ ਲਈ ਉਹਨ੍ਹਾਂ ਨੂੰ ਕਲਸਟਰ। ਸਮੂਹਿਕ ਖੇਤੀ ਕਰਨ ਲਈ ਸੰਗਠਿਨ ਕਰਨਾ ਜਰੂਰੀ ਸੀ। ਇਸ ਸਭ ਨੇ ਬਾਜ਼ਾਰ ਵਿੱਚ ਵੇਚਣ ਜੋਗਾ ਉਤਪਾਦਨ, ਪਾਪਤ ਕਰਨ, ਮੁੱਲ-ਪਾਅ ਕਰਨ ਦੀ ਸ਼ਕਤੀ ਅਤੇ ਮਹਿਲਾ ਕਿਸਾਨਾਂ ਦੀ ਭਾਗੀਦਾਰੀ ਵਧਾਉਣ ਦੇ ਉਦੇਸ਼ ਦੀ ਪ੍ਰਾਪਤੀ ਵਿੱਚ ਮਦਦ ਕੀਤੀ। ਇਹ ਸਭ ਦੀ ਸਹਿਮਤੀ ਨਾਲ ਪਿੰਡ ਦੀ ਸਾਂਝੀ ਜਮੀਨ, ਮੰਦਰ ਦੀ ਜਮੀਨ, ਸਰਕਾਰੀ ਵਿਭਾਗਾਂ ਦੀ ਜਮੀਨ ਆਦਿ ਇਕੱਠੀ ਕਰਕੇ ਅਤੇ ਇਸਦੇ ਨਾਲ ਹੀ ਕਿਸਾਨਾਂ ਦੀ ਜਮੀਨ ਇਕੱਠੀ ਕਰਕੇ ਖੇਤੀ ਲਈ ਘੱਟੋ -ਘੱਟ ਇੱਕ ਜਾ 2 ਏਕੜ ਦੇ ਇਕੱਠੇ ਟੱਕ ਦਾ ਪ੍ਰਬੰਧ ਕੀਤਾ ਗਿਆ। ਸੋ ਇਸ ਤਰ੍ਹਾ 250 ਹੈਕਟੇਅਰ ਖਾਲੀ ਜ਼ਮੀਨ ਨੂੰ ਖੇਤੀ ਦੇ ਕੰਮ ਦੇ ਅਧੀਨ ਲਿਆਂਦਾ ਗਿਆ।

**ਪਥਿਯੂਰ ਪੰਚਾਇਤ ਦੇ 16 ਨੰ: ਵਾਰਡ ਦੇ ਨਾਰੀਅਲ ਉਤਪਾਦਕ ਸੁਸਾਇਟੀ ਦੇ ਪ੍ਰਧਾਨ ਸ੍ਰੀ ਸੀ ਕੇ ਉਨੀਥਨ ਨੇ ਸਲਾਹ ਦਿੱਤੀ ਕਿ ਉਚਿੱਤ ਅਤੇ ਸਹੀ ਸੰਦਾਂ ਅਤੇ ਮਸ਼ੀਨਰੀ ਲਈ ਮਾਹਿਰ ਆਧਾਰਿਤ ਚੋਣ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਮਜਦੂਰਾਂ ਦੀ ਕਮੀ ਅਤੇ ਘੱਟ ਉਤਪਾਦਕਤਾ ਨੂੰ ਦੂਰ ਕਰਨ ਲਈ ਸਲਾਹ ਸੇਵਾਵਾਂ, ਉਤਪਾਦਕਤਾ ਵਧਾਉਣ ਲਈ ਮਸ਼ੀਨੀਕਰਨ ਆਈ ਸੀ ਟੀ ਅਤੇ ਗਿਆਨ ਆਧਾਰਿਤ ਨਵੇ ਤਰੀਕਿਆ / ਤਕਨੀਕਾਂ ਦੀ ਲੋੜ ਹੁੰਦੀ ਹੈ।**

## ਤਿਲ ਦੀ ਚੋਣ ਵਿਸ਼ੇਸ਼ ਫਸਲ ਅਤੇ ਮੁੱਲ ਜੋੜ ਵਜੋਂ

ਤਿਲ ਦੀ ਫਸਲ ਨੂੰ ਵਿਸ਼ੇਸ ਫਸਲ ਦੇ ਤੌਰ ਤੇ ਮੁੱਲ ਸੰਵਰਧਨ ਲਈ ਚੁਣਨਾ ਪ੍ਰੋਗਰਾਮ ਦੀ ਸ਼ੁਰੂਆਤ ਕਰਨੀ ਪੰਚਾਇਤ ਵਿੱਚ । ਪਾਣੀ ਦੀ ਬੱਚਤ ਕਰਨ ਵਾਲੀਆਂ, ਪੋਸ਼ਣ ਭਰਪੂਰ, ਜਲਵਾਯੂ ਪਰਿਵਰਤਨ ਨੂੰ ਸਹਿ ਸਕਣ ਵਾਲੀਆਂ ਫਸਲਾਂ ਜਿਵੇ ਕਿ ਰਾਗੀ, ਦਾਲਾਂ, ਮੱਕੀ, ਸੂਰਜਮੁਖੀ ਅਤੇ ਮੂੰਗਫਲੀ ਬਾਰੇ ਤਜ਼ਰਬੇ ਕਰਨ ਨਾਲ ਹੋਈ।

ਮਹਿਲਾਵਾਂ ਦੇ 248 ਸਵੈ ਸਹਾਇਤਾ ਸਮੂਹਾਂ ਨਾਲ ਮਿਲਕੇ 19 ਵਾਰਡਾਂ ਵਿਚ ਸਹਿਭਾਗੀ ਤਜਰਬੇਕਾਰੀ ਅਤੇ ਵਿਸਲੇਸ਼ਣ ਲਈ 16 ਪ੍ਰਕਾਰ ਦੀਆਂ ਫਸਲਾਂ ਚੁਣੀਆਂ ਗਈਆਂ। ਇਸ ਤੋ ਬਾਅਦ ਭਾਗੀਦਾਰ ਕਿਸਾਨਾਂ, ਆਮ ਜਨਤਾ ਅਤੇ ਖੇਤੀ ਖੋਜ ਸੰਸਥਾਨ ਦੇ ਸੋਧਕਰਤਾ , ਕੇਂਦਰੀ ਪਲਾਂਟੇਸ਼ਨ ਫਸਲ ਖੋਜ ਸੰਸਥਾਨ ਅਤੇ ਸਹਾਇਕ ਏਜੰਸੀਆਂ/ਸੰਸਥਾਵਾਂ ਨੂੰ ਸ਼ਾਮਿਲ ਕਰਕੇ ਇੱਕ ਸਮਾਜਿਕ ਪ੍ਰਕਿਰਿਆ ਦੀ ਤਰ੍ਹਾ ਇਸ ਸਭ ਦਾ ਵਿਸਲੇਸ਼ਣ ਕੀਤਾ ਗਿਆ। ਸੂਰਜਮੁਖੀ ਇਸ ਪ੍ਰਕਿਰਿਆ ਵਿੱਚ ਖਰਾ ਨਹੀ ਉਤਰਿਆ ਅਤੇ ਇਸਨੂੰ ਸੂਚੀ ਵਿੱਚ ਸਭ ਤੋ ਵੱਧ ਸਵੀਕ੍ਰਿਤ ਕਲਾ ਦੇ ਰੂਪ ਵਿੱਚ ਉੱਭਰੀਆ ਕਿਉਕਿ ਇਹਨ੍ਹਾ ਲਈ ਬੜੇ ਘੱਟ ਸਾਧਨਾ ਦੀ ਲੋੜ ਸੀ, ਪੋਸ਼ਣ ਨਾਲ ਭਰਪੂਰ, ਵੱਧ ਮੰਗ ਅਤੇ ਇਸ ਉੱਪਰ ਕੀਟਾਂ ਅਤੇ ਰੋਗਾਂ ਦਾ ਹਮਲਾ ਵੀ ਘੱਟ ਸੀ। ਇਸਦੇ ਨਾਲ ਹੀ, 250 ਹੈਕਟੇਅਰ ਖੇਤਰ ਦੀ ਵਿਆਪਕ ਕਾਸ਼ਤ ਨੂੰ ਮਿੱਟੀ ਵਿੱਚ ਪੋਸ਼ਕ ਤੱਤ ਅਤੇ ਰਹਿੰਦ- ਖੂੰਹਦ ਦੇ ਖੇਤ ਵਿੱਚ ਹੀ ਮਿਲਣ ਨਾਲ ਮੱਲੜ (ਕਾਰਬਨ) ਦੀ ਮਾਤਰਾ ਵੀ ਵਧਾਉਣ ਵਿੱਚ ਮਦਦ ਕੀਤੀ।

ਤਿਲ ਇਸ ਓਨਟੂਕਾਰਾ ਮਿੱਟੀ ਖੇਤਰ ਦੀ ਦੇਸੀ ਫਸਲ ਹੈ ਜਿਸ ਦੀ ਮਿੱਟੀ ਦੋਮਟ ਮਿੱਟੀ ਹੈ। ਪਹਿਲਾਂ ਵਾਲੇ ਸਮੇ ਵਿੱਚ ਇਹ ਝੋਨੇ ਦੇ ਖੇਤਾਂ ਵਿੱਚ ਬਜਾਈ ਜਾਂਦੀ ਸੀ। ਅਤੇ ਝੋਨੇ ਦੀ ਕਟਾਈ ਤੋ ਬਾਅਦ ਇਹ ਫਸਲ ਬੀਜੀ ਜਾਂਦੀ ਸੀ। ਪ੍ਰੋਜੈਕਟ ਤੋ ਪਹਿਲਾਂ ਕੀਤੇ ਸਰਵੇ ਵਿੱਚ ਸਾਹਮਣੇ ਆਇਆ ਕਿ ਮਿਲ (ਜਿਸ ਨੂੰ ਕਿ ਹੁਣ ਜਲਦ ਹੀ ਭੂਗੋਲਿਕ ਸੰਕੇਤ (ਜੀ ਆਈ ਟੈਗ) ਮਿਲਣਵਾਲਾ ਹੈ, ਅਤੇ ਝੋਨੇ ਦੀ ਖੇਤੀ ਇਸ ਪੰਚਾਇਤ ਵਿੱਚ ਉਗਾਉਣੀਆਂ ਬੰਦ ਕੀਤੀਆਂ ਹੋਈਆਂ ਹਨ। ਇਸ ਲਈ ਤਿਲ ਦੀ ਖੇਤੀ ਨੂੰ ਦੁਬਾਰਾ ਉਗਾਉਣਾ ਸ਼ੁਰੂ ਕਰਨਾ ਮੁੱਲ ਸੰਵਰਧਨ ਵਿਸਥਾਰ ਰਣਨੀਤੀ (ਵੀ ਏ ਈ ਐੱਸ) ਦਾ ਸਭ ਤੋ ਸਫਲਤਾ ਵਾਲਾ ਮੁੱਲ ਸੰਵਰਧਨ ਦਖਲ ਸੀ। ਇਸ ਖਾਸ ਖੇਤਰ ਲਈ ਕੇਰਲ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਖਾਸ ਤੌਰ ਤੇ ਵਿਕਸਿਤ ਕੀਤੀਆਂ ਗਈਆਂ ਕਿਸਮਾਂ (ਕਾਇਮ -1, ਤਿਲਕ, ਤਿਲਾਤਾਰਾ, ਤਿਲਗਣੀ ਅਤੇ ਤਿਲੋਤਮਾ)ਦਾ ਪ੍ਰਤਿਭਾਗੀ ਮੁਲਾਂਕਣ ਕੀਤਾ ਅਤੇ 2016 ਵਿੱਚ 2 .04 ਏਕੜ ਵਿੱਚ ਕੀਤਾ ਗਿਆ, ਆਉਣ ਵਾਲੇ ਸਾਲਾਂ ਵਿੱਚ ਮਹਿਲਾ ਸਮੂਹਾਂ ਨੇ ਇਸਨੂੰ 188 ਏਕੜ ਤੱਕ ਵਿਸਥਾਰ ਦਿੱਤਾ ।19 ਸਖਾਟਰ ਉੱਪਰ 68 ਸਮੂਹਾਂ ਦੁਆਰਾ ਕੀਤੇ ਮੁਲਾਂਕਣ ਤੇ ਕਾਇਮਕੁਲਮ -1 ਅਤੇ ਤਿਲਕ ਨੂੰ ਚੁਣਿਆ ਗਿਆ।

ਮੁਲਾਂਕਣ ਵਿੱਚ ਪਾਇਆ ਗਿਆ ਕਿ ਕਾਇਆਕੁਲਮ – 1 ਵਿੱਚ ਤੇਲ ਅੰਸ 46–48 ਪ੍ਰਤੀਸਤ ਅਤੇ ਤਿਲਕ ਵਿੱਚ 38 ਪ੍ਰਤੀਸਤ ਹੈ। ਜਦੋ ਕਿ ਬਾਕੀ ਕਿਸਮਾਂ ਵਿੱਚ ਇਹ ਬਹੁਤ ਘੱਟ ਸੀ ਇਹਨ੍ਹਾਂ ਦੋਵੇ ਕਿਸਮਾਂ ਨੇ ਫਾਈਫੋਡੀ ਬਿਮਾਰੀ ਜੋ ਫਸਲਾਂ ਦੇ ਨੁਕਸਾਨ ਦਾ ਕਾਰਨ ਬਣਦੀ ਹੈ। ਪ੍ਰਤਿਰੋਧਕ ਸਮਰੱਥਾ ਦਿਖਾਈ ਅਤੇ ਇਹ ਬਿਮਾਰੀ ਬਹੁਤ ਹੀ ਘੱਟ ਦੇਖਣ ਨੂੰ ਮਿਲੀ ਜੋ। ਇਸ ਤਰ੍ਹਾ ਮਹਿਲਾ ਸਮੂਹਾ ਨੇ ਆਪਣੀ ਜਰੂਰਤ ਅਤੇ ਸਥਾਨਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਲਈ ਫਸਲ ਅਤੇ ਉਸਦੀਆ ਕਿਸਮਾਂ ਦੀ ਚੋਣ ਕੀਤੀ।

5 ਤੋ 8 ਮੈਟ੍ਰਿਕ ਟਨ ਪ੍ਰਤਿ ਸਾਲ ਦੇਸੀ ਤਿਲ ਦਾ ਉਤਪਾਦਨ ਵਿਸ਼ੇਸ ਉਤਪਾਦ ਦੇ ਰੂਪ ਵਿੱਚ ਕੀਤਾ ਗਿਆ। ਇਸ ਦੀ ਮੰਗ ਵੀ ਬਹੁਤ ਹੈ ਅਤੇ ਕੀਮਤ 250–300 ਪ੍ਰਤਿ ਕਿਲੋ ਤੱਕ ਮਿਲੀ। ਇਸ ਤਿਲ ਨੂੰ ਪੰਚਾਇਤ ਅਤੇ ਗਵਾਂਢੀ ਪੰਚਾਇਤਾ ਵਿੱਚ ਸਫਾਈ ਕਰਕੇ ਅਤੇ ਪੈਕਿੰਗ ਕਰਕੇ ਤਾਜ਼ਾ ਵੇਚਿਆ ਗਿਆ। ਸਥਾਨਕ ਬ੍ਰਾਂਡ ਤਿਲ ਦਾ ਤੇਲ 900 ਤੋ ਲੈ ਕੇ 1000 ਰੁਪਏ ਲਿਟਰ ਤੱਕ ਵੇਚਿਆ ਗਿਆ। ਇਸ ਪ੍ਰੋਗਰਾਮ ਅਧੀਨ ਇੱਕ ਨੌਜਵਾਨ ਲੜਕੇ ਲਈ ਤੇਲ ਕੱਢਣ ਵਾਲੀ ਯੂਨਿਟ ਲਗਾਈ ਗਈ। ਜਿਸ ਨਾਲ ਤਿਲਾਂ ਦੀ ਖਰੀਦ ਲਈ ਇੱਕ ਸੰਸਥਾਗਤ ਪ੍ਰਬੰਧ ਸੁਨਿਸ਼ਚਿਤ ਹੋ ਸਕਿਆ ਮਹਿਲਾਵਾਂ ਤਿਲਾਂ ਦੀ ਖੇਤੀ ਦੇ ਸਥਾਨਕ ਮਾਹਿਰਾਂ ਵਜੋ ਉੱਭਰ ਕੇ ਸਾਹਮਣੇ ਆਈਆ। ਕਟਾਈ ਤੋ ਬਾਅਦ ਫਸਲ ਪ੍ਰਬੰਧਨ ਅਤੇ ਪ੍ਰੋਸੈਸਿੰਗ ਪ੍ਰਬੰਧਨ ਨੇ ਮਹਿਲਾਵਾਂ ਨੂੰ ਪਰਿਵਾਰ ਅਤੇ ਸਮਾਜ ਸਾਹਮਣੇ ਇੱਕ ਆਰਥਿਕ ਯੋਗਦਾਨ ਦੇਣ ਵਾਲੇ ਦੇ ਰੂਪ ਵਿੱਚ ਸਨਮਾਨ ਦਵਾਇਆ। ਕਿਸਾਨ ਤੋ ਕਿਸਾਨ ਗਿਆਨ ਸੰਚਾਰ ਦੇ ਪ੍ਰਭਾਵੀ ਅਤੇ ਉਦੇਸਪੂਰਨ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਇਸ ਸਭ ਨੇ ਬੜੀ ਮਦਦ ਕੀਤੀ।

ਮਹਿਲਾ ਕਿਸਾਨਾਂ ਨੂੰ 'ਇੱਕ ਖੇਤੀ ਡਾਇਰੀ' ਜਿਸ ਵਿੱਚ ਵਿਕਾਸ ਦੇ ਪੜ੍ਹਾਅ, ਕੀਟ/ਰੋਗ, ਝਾੜ, ਆਈਆਂ ਪ੍ਰੇਸ਼ਾਨੀਆਂ ਆਦਿ ਦਾ ਵੇਰਵਾ ਰੱਖਿਆ ਜਾਵੇ , ਲਿਖਣ ਲਈ ਕਿਹਾ ਗਿਆ। ਵੱਟਸਐਪ ਸਮੂਹਾਂ ਰਾਹੀ ਮਾਹਿਰਾ ਅਤੇ ਹੋਰ ਕਿਸਾਨਾਂ ਤੋ ਸਲਾਹ ਮਸ਼ਵਰਾ ਲੈਣ ਦੇ ਨਾਲ–ਨਾਲ ਇਹਨਾਂ ਸਮੂਹਾਂ ਨੇ ਆਪਣੀਆਂ ਉਪਲੱਬਧੀਆਂ ਫੋਟੋਆਂ, ਵਿਡੀਓ, ਸੁਨੇਹੇ ਅਤੇ ਪਾਡਕਾਸਟ ਰਾਹੀ ਸਾਂਝੀਆਂ ਕੀਤੀਆਂ ਗਈਆਂ ।ਇਸ ਪੂਰੀ ਪ੍ਰਕ੍ਰਿਆ ਦੀ ਜੋ ਧੜਕਣ ਸੀ। ਜੋ ਇਸਦੀ ਆਤਮਾਂ ਸੀ, ਉਸਨੂੰ ਖੁਦ ਇਹਨ੍ਹਾਂ ਸਮੂਹਾਂ ਦੁਆਰਾ ਸਾਹਮਣੇ ਲਿਆਦਾਂ ਗਿਆ। ਸਾਧਾਰਨ ਆਈ ਸੀ ਟੀ ਟੂਲਸ ਦੀ ਵਰਤੋ ਕਰਕੇ ਉਹਨਾਂ ਨੂੰ ਆਪਣੇ ਸਮੇ ਦਾ ਬਿਹਤਰ ਪ੍ਰਬੰਧਨ ਕਰਨ, ਤਕਨੀਕ ਦੇ ਫੈਲਾਅ ਨੂੰ ਵਧਾਉਣ ਫਸਲ ਦੇ ਨੁਕਸਾਨ ਨੂੰ ਘੱਟ ਕਰਨ ਦੇ ਨਾਲ–ਨਾਲ ਆਪਸੀ ਸਹਿਯੋਗ ਨਾਲ ਸਸ਼ਕਤ ਬਣਨ ਦੇ ਸਮਰੱਥ ਬਣਾਇਆ।



ਮੱਕੀ ਦੀ ਕਢਾਈ

### ਨਾਰੀਅਲ ਅਤੇ ਹੋਰ ਉਤਪਾਦਨ- ਮੁੱਲ ਸੰਵਰਧਨ

ਪੇਂਡੂ ਜੀਵਨ ਰੋਜ਼ਾਨਾਂ ਜਿੰਦਗੀ, ਵਿਵਹਾਰ, ਪਹਿਨਾਵੇ, ਸਮਾਜਿਕ ਰਿਸਤੇ, ਵਾਤਾਵਰਣ ਨਾਲ ਜੁੜਾਅ ਆਦਿ ਦੇ ਲਿਹਾਜ ਤੋ ਬੜਾ ਹੀ ਸਰਲ ਹੁੰਦਾ ਹੈ। ਸਮੁਦਾਇਆਂ ਦੀ ਪੀੜੀ–ਦਰ–ਪੀੜੀ ਅਨੁਭਵੀ ਸਿੱਖਿਆ ਦੇ ਨਤੀਜੇ ਦੇ ਵਜੋ ਸਧਾਰਨ ਕਾਢਾਂ ਦੇ ਰੂਪ ਵਿੱਚ ਸਰਲਤਾ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਭ ਤੋ ਜਿਆਦਾ ਗਿਣਾਉਣਯੋਗ ਕੰਮ 2019 ਵਿੱਚ ਸ਼ੁਰੂ ਕੀਤੀ 'ਫਾਰਮਰਜ਼ ਪ੍ਰੋਡਿਊਸਰ ਕੰਪਨੀ' ਹੈ ਜੋ ਕਿ ਅਸਲ ਵਿੱਚ ਜਮੀਨੀ ਪੱਧਰ ਤੇ ਕਿਸਾਨਾਂ ਨਾਲ ਕੰਮ ਕਰਦੀ ਹੈ। ਕਿਸਾਨਾਂ ਤੋ ਉਹਨਾਂ ਦੇ ਤਾਜਾ ਉਤਪਾਦ ਜਿੰਨਾਂ ਵਿੱਚ ਕੋਪਰਾ, ਹਲਦੀ ਅਤੇ ਕੰਦ ਸਾਮਲ ਹਨ, ਦੀ ਖਰੀਦ ਨੇ ਕਾਫੀ ਉਤਪਾਦ ਪੈਦਾ ਕੀਤਾ। ਇਸ ਦੌਰਾਨ ਕਈ ਚੁਣੌਤੀਆਂ ਵੀ ਸਾਹਮਣੇ ਆਈਆਂ ਪਰ ਉਹਨਾ ਨੂੰ ਕਿਵੇ ਐਫ ਐਫ ਪੀ ਨਾਬਾਰਡ ਉਡਾਨਦ ਫਾਰਮਰਜ਼ ਪ੍ਰੋਡਿਊਸਰ ਕੰਪਨੀ ਲਿ. ਨੇ ਕਿਵੇ ਹੱਲ ਕੀਤਾ, ਇਸ ਬਾਰੇ ਕੁੱਝ ਵੇਰਵਾਂ ਦੇਣਾ ਜਰੂਰੀ ਹੈ।

ਮੁੱਲ ਸੰਵਰਧਨ ਉਦੋ ਹੀ ਸ਼ੁਰੂ ਕੀਤਾ ਗਿਆ ਜਦੋ ਸਮੂਹਾਂ ਕੋਲ ਨਾਰੀਅਲ, ਤਿਲ ਅਤੇ ਹਲਦੀ ਦਾ ਬਾਜ਼ਾਰ ਵਿੱਚ ਵੇਚਣ ਜੋਗਾ ਉਤਪਾਦਨ ਹੋ ਗਿਆ। ਮੁੱਲ ਸੰਵਰਧਨ ਫਸਲ ਦੀ ਕਟਾਈ ਜਿੰਨਾ ਹੀ ਆਸਾਨ ਹੋ ਸਕਦਾ ਹੈ ਜੇਕਰ ਸਹੀ ਸਮੇਂ ਉੱਪਰ ਕੀਤਾ ਜਾਵੇ। ਨਾਰੀਅਲ ਦੇ ਮਾਮਲੇ ਵਿੱਚ ਵਧੀਆ ਮੰਡੀਕਰਨ ਲਈ ਨਾਰੀਅਲ ਦੀ ਤੁੜਾਈ ਸੱਤਵੇ ਮਹੀਨੇ ਵਿੱਚ ਕੀਤੀ ਜਾਣੀ ਚਾਹੀਦੀ ਹੈ। ਕੰਪਨੀ ਸੁੱਕੇ ਹੋਏ ਨਾਰੀਅਲ ਲਈ ਇਕਸਾਰਤਾ ਅਤੇ ਗੁਣਵੱਤਾ ਸੁਨਿਸ਼ਚਿਤ ਨਹੀ ਕਰ ਸਕੀ। ਐਫ ਐਫ ਪੀ ਪ੍ਰੋਗਰਾਮ ਨੇ ਸੁੱਕੇ ਨਾਰੀਅਲ ਵਿੱਚ ਨਮੀ ਦੀ ਮਾਤਰਾਂ ਨੂੰ ਚੈਕ ਕਰਨ ਲਈ 3500–4000 ਪ੍ਰਤਿ ਨਗ। ਨਮੀ ਚੈੱਕ ਕਰਨ ਵਾਲੇ ਮੀਟਰ ਦੀ ਖਰੀਦ ਕੀਤੀ। ਕੰਪਨੀ ਸੁੱਕੇ ਨਾਰੀਅਲ ਦੀ ਗਿਰੀ ਵਿੱਚ ਮੀਟਰ ਦੀ ਘੁੰਡੀ ਲਗਾ ਕੇ, ਰੀਡਿੰਗ ਚੈੱਕ ਕਰਕੇ ਨਾਰੀਅਲ ਗਿਰੀ ਦੀ ਗੁਣਵੱਤਾ ਸੁਨਿਸਚਿੱਤ ਕਰਕੇ ਖਰੀਦੀ ਕਰ ਸਕਦੇ ਹਨ।

ਇਸਤੋ ਬਾਅਦ ਨਾਰੀਅਲ ਤੇਲ ਕੱਢਣ ਵਾਲੀ ਯੂਨਿਟ, 2 ਵਰਜਿਸ ਨਾਰੀਅਲ ਤੇਲ ਅਤੇ ਨਾਰੀਅਲ ਆਧਾਰਿਤ ਖਾਣ

ਵਾਲੇ ਉਤਪਾਦਾਂ ਦੀ ਯੂਨਿਟ ਅਤੇ ਇੱਕ ਹਲਦੀ ਲਾਇਬਰੇ, ਸੁਕਾਉਣ ਅਤੇ ਪਾਊਡਰ ਬਣਾਉਣ ਵਾਲੀ ਯੂਨਿਟ ਇਸ ਪ੍ਰੋਗਰਾਮ ਅਧੀਨ ਸਥਾਪਤ ਕੀਤੀ ਗਈ। ਇਸ ਸਮੇ ਨਾਰੀਅਲ ਦੀ ਵਿਕਰੀ 25000 ਗਿਰੀ ਤੱਕ ਹੈ। ਹਲਦੀ ਵਿੱਚ, 3 ਟਨ ਤੱਕ ਤਾਜੀ ਹਲਦੀ ਦੀ ਪ੍ਰੋਸੈਸਿੰਗ ਕਰਕੇ ਪਾਊਡਰ ਬਣਾਇਆ ਜਾ ਰਿਹਾ ਹੈ। ਤਿਲ ਅਤੇ ਤਿਲ੍ਹਾ ਦੇ ਤੇਲ ਦੀ ਵਿਕਰੀ 15-20 ਲੱਖ ਰੁਪਏ ਤੱਕ ਪਹੁੰਚ ਗਈ ਹੈ।



*ਮਹਿਲਾ ਸਮੂਹਾਂ ਨੇ ਖੁਦ ਆਪਣੀਆਂ ਲੋੜਾਂ ਅਤੇ ਸਥਾਨਕ ਸਥਿਤੀ ਅਨੁਸਾਰ ਫਸਲ ਅਤੇ ਕਿਸਮ ਚੁਣਨ ਦੀ ਯੋਗਤਾ ਵਿਕਸਿਤ ਕੀਤੀ।*

2020 ਵਿੱਚ ਐੱਫ ਪੀ ਓ ਨੇ ਪਸਿਯੂਰ ਫਾਰਮਰਜ਼ ਬ੍ਰਾਂਡ ਉੱਪਰ ਆਪਣਾ ਧਿਆਨ ਕੇਂਦਰਿਤ ਕੀਤਾ। ਉਤਪਾਦ ਜੋ ਬ੍ਰਾਂਡ ਨਾਮ ਅਧੀਨ ਵੇਚੇ ਜਾਂਦੇ ਹਨ - ਨਾਰੀਅਲ ਤੇਲ, ਹਲਦੀ ਪਾਊਡਰ, ਤਿਲ ਅਤੇ ਤਿਲ ਦਾ ਤੇਲ , ਗੋਬਰ ਅਤੇ ਪਾਥੀਆਂ ਅਤੇ ਵਰਮੀਕੰਪੋਸਟ, ਘਿਓ, ਮੱਖਣ ਜੋ ਕਿ ਦੇਸੀ ਗਾਂ ਦੇ ਦੁੱਧ ਤੋ ਤਿਆਰ ਹੁੰਦੇ ਹਨ। ਇਹਨ੍ਹਾਂ ਉਤਪਾਦਾਂ ਦੀ ਖਰੀਦ ਅਤੇ ਵੇਚ ਲਈ, ਖੇਤੀ ਸੰਬੰਧੀ ਸਮੱਗਰੀ, ਗੋਬਰ, ਹੋਰ ਚੋਣ ਉਤਪਾਦ, ਵਰਮੀਕੰਪੋਸਟ ਆਦਿ ਦੀ ਖਰੀਦ - ਵੇਚ ਲਈ ਐੱਫ.ਪੀ.ਓ ਅਧੀਨ ਇੱਕ ਗ੍ਰਾਮੀਣ ਐਗ੍ਰੀਮਾਰਟ ਸ਼ੁਰੂ ਕੀਤਾ ਗਿਆ। ਐੱਫ.ਪੀ.ਓ ਨੇ ਕੋਰੋਨਾ ਮਹਾਂਮਾਰੀ ਦੌਰਾਨ ਖੇਤ ਉਤਪਾਦਨ ਫੋਨ ਤੇ ਖਰੀਦਣ ਅਤੇ ਮੰਗ ਅਨੁਸਾਰ ਦਰਵਾਜੇ ਤੇ ਡਿਲੀਵਰੀ ਦੇਣ ਦਾ ਉਪਰਾਲਾ ਵੀ ਸ਼ੁਰੂ ਕੀਤਾ।

ਇਸ ਪ੍ਰੋਗਰਾਮ ਦੌਰਾਨ ਇਹ ਸਵਾਕ ਮਿੱਥੇ ਗਏ ਕਿ ਮੁੱਲ ਸੰਵਰਧਨ ਸਰਲ ਪ੍ਰਕਿਰਿਆਵਾ ਦੁਆਰਾ, ਸਹਿਯੋਗ, ਤਾਲਮੇਲ, ਸੰਗਠਨ ਦੁਆਰਾ ਅਤੇ ਸਾਰੇ ਸਮੁਦਾਇ ਦੀ ਸਮੂਲੀਅਤ ਨਾਲ ਕੀਤਾ ਜਾਂ ਸਕਦਾ ਹੈ ਅਤੇ ਕਿਸ ਤਰ੍ਹਾ ਇੱਕ ਪ੍ਰਮੁੱਖ ਖੋਜ ਸੰਸਥਾ ਸਮਾਜਿਕ ਕਾਢਾਂ ਨੂੰ ਉਤਸ਼ਾਹਿਤ ਕਰ ਸਕਦੀ ਹੈ। ਇਸ ਦੌਰਾਨ ਜੋ ਚੁਣੌਤੀਆ ਸਾਹਮਣੇ ਆਈਆਂ ਉਹ ਹਨ - ਨਾਰੀਅਲ ਦੇ ਰੁੱਖ ਤੇ ਚੜਨ ਲਈ ਕੁਸ਼ਲ ਮਜ਼ਦੂਰਾ ਦੀ ਕਮੀ, ਕੋਰੋਨਾ ਮਹਾਮਾਰੀ ਦੀਆਂ ਪਾਬੰਦੀਆਂ ਜਲਵਾਯੂ ਪਰਿਵਰਤਨ ਜਿਸ ਨਾਲ ਬੇਮੌਸਮੀ ਭਾਰੀ ਵਰਖਾ, ਬਦਲਦੀਆਂ ਸਮਾਜਿਕ ਆਰਥਿਕ ਸਥਿਤੀਆਂ ਜਿਸ ਵਿੱਚ ਝੋਨੇ ਦੀ ਖੇਤੀ ਵਾਲੀ ਜ਼ਮੀਨ ਨੂੰ ਰਿਹਾਇਸ਼ੀ ਜਮੀਨ ਵਿੱਚ ਬਦਲਿਆ ਜਾ ਰਿਹਾ ਹੈ ਜਿਸ ਨਾਲ ਸੀਵਰੇਜ ਅਤੇ ਵਿਖੰਡਨ ਦੀ ਸਮੱਸਿਆ ਪੈਦਾ ਹੋ ਰਹੀ ਹੈ। ਹਾਲਾਂਕਿ ਕੋਰੋਨਾ ਮਹਾਂਮਾਰੀ ਦੌਰਾਨ ਮੋਬਾਇਲ ਰਾਹੀ ਲਗਾਤਾਰ ਕਿਸਾਨਾਂ ਨੂੰ ਮਾਰਗ ਦਰਸ਼ਨ ਮਿਲਣ ਕਰਕੇ ਅਤੇ ਖੇਤੀ ਦੇ ਕੰਮ ਜਾਰੀ ਰਹਿਣ ਕਰਕੇ ਕਿਸਾਨਾਂ ਨੂੰ ਲਾਭ ਮਿਲਿਆ ਅਤੇ ਆਮਦਨੀ ਹੋਈ। ●

ਅਨੀਤਾਕੁਮਾਰੀ ਪੀ,
ਮੁੱਖ ਵਿਗਿਆਨੀ (ਖੇਤੀ ਵਿਸਤਾਰ)
ਆਈ ਸੀ ਏ,
ਕੇਂਦਰੀ ਪਲਾਟੇਸ਼ਨ ਫਸਲ ਖੋਜ ਸੰਸਥਾਨ
E-mail: anithacpcri@gmail.com

**Value addition**
***Making small farms smarter***
**LEISA INDIA, June 2021**